ਪੰਜਾਬ ਐਗਰੀਕਲਚਰਲ ਯੂਨੀਵਰਸਿਟੀ
ਲੁਧਿਆਣਾ
ਦਾ ਡਿਜੀਟਲ ਅਖ਼ਬਾਰ

# ਖੇਤੀ ਸੰਦੇਸ਼




17 ਜੁਲਾਈ, 2024
ਅੰਕ : 359

ਸੰਪਾਦਕ: ਡਾ ਕੁਲਵਿੰਦਰ ਕੌਰ ਗਿੱਲ
ਸਹਿ ਸੰਪਾਦਕ: ਡਾ ਇੰਦਰਪ੍ਰੀਤ ਕੌਰ ਬੋਪਾਰਾਏ

## ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਹਾੜ੍ਹੀ ਦੇ ਕਿਸਾਨ ਮੇਲਿਆਂ ਦੀਆਂ ਤਰੀਕਾਂ ਦਾ ਐਲਾਨ

ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਵੱਲੋਂ ਡਾ. ਮੱਖਣ ਸਿੰਘ ਭੁੱਲਰ, ਨਿਰਦੇਸ਼ਕ ਪਸਾਰ ਸਿੱਖਿਆ ਦੀ ਰਹਿਨੁਮਾਈ ਹੇਠ 3 ਸਤੰਬਰ ਤੋਂ ਹਾੜ੍ਹੀ ਦੇ ਕਿਸਾਨ ਮੇਲਿਆਂ ਦੀ ਲੜੀ ਸ਼ੁਰੂ ਹੋਣ ਜਾ ਰਹੀ ਹੈ। ਮੇਲਿਆਂ ਦੀ ਲੜੀ ਵਿੱਚ ਪਹਿਲਾ ਮੇਲਾ 3 ਸਤੰਬਰ ਨੂੰ ਅੰਮ੍ਰਿਤਸਰ ਵਿਖੇ ਅਤੇ ਦੂਜਾ ਮੇਲਾ 6 ਸਤੰਬਰ ਨੂੰ ਬੱਲੋਵਾਲ ਸੌਂਖੜੀ ਵਿਖੇ ਲਗਾਇਆ ਜਾ ਰਿਹਾ ਹੈ। ਇਸ ਤੋਂ ਬਾਅਦ ਤੀਜਾ ਮੇਲਾ 10 ਸਤੰਬਰ ਨੂੰ ਫਰੀਦਕੋਟ ਵਿਖੇ ਲਗਾਇਆ ਜਾਏਗਾ। 13-14 ਸਤੰਬਰ ਅਤੇ 18 ਸਤੰਬਰ ਨੂੰ ਕਿਸਾਨ ਮੇਲੇ ਕ੍ਰਮਵਾਰ ਪੀ.ਏ.ਯੂ. ਲੁਧਿਆਣਾ ਅਤੇ ਆਰ.ਆਰ. ਐੱਸ ਗੁਰਦਾਸਪੁਰ ਵਿਖੇ ਲਗਾਏ ਜਾਣਗੇ। ਪਟਿਆਲਾ ਵਿਖੇ ਕਿਸਾਨ ਮੇਲਾ 24 ਸਤੰਬਰ ਅਤੇ ਅਖੀਰਲਾ ਮੇਲਾ 27 ਸਤੰਬਰ ਨੂੰ ਬਠਿੰਡਾ ਵਿਖੇ ਲਗਾਇਆ ਜਾਵੇਗਾ। ਪੀ.ਏ.ਯੂ. ਦੇ ਨਿਰਦੇਸ਼ਕ ਪਸਾਰ ਸਿੱਖਿਆ ਡਾ. ਮੱਖਣ ਸਿੰਘ ਭੁੱਲਰ ਨੇ ਕਿਸਾਨ ਵੀਰਾਂ ਅਤੇ ਬੀਬੀਆਂ ਨੂੰ ਇਹਨਾਂ ਮੇਲਿਆਂ ਵਿੱਚ ਹੁੰਮ-ਹੁੰਮਾ ਕੇ ਪਹੁੰਚਣ ਲਈ ਹਾਰਦਿਕ ਸੱਦਾ ਦਿੱਤਾ ਹੈ।



# ਨਰਮੇ ਵਿੱਚ ਗੁਲਾਬੀ ਸੁੰਡੀ ਦੀ ਰੋਕਥਾਮ






ਗੁਲਾਬੀ ਸੁੰਡੀ ਦਾ ਜੀਵਨ ਚੱਕਰ

ਅੰਡਾ(3-4 ਦਿਨ) ਸੁੰਡੀ(10-14 ਦਿਨ) ਕੋਆ(7-8 ਦਿਨ) ਬਾਲਗ(10-12 ਦਿਨ)






ਭੰਬੀਰੀਫੁੱਲ (ਰੋਜ਼ੇਟੈਡ) ਫੁੱਲਾਂ ਵਿੱਚ ਨੁਕਸਾਨ ਹਰੇ ਟੀਂਡੇ ਵਿੱਚ ਨੁਕਸਾਨ ਖਿੜੇ ਟੀਂਡਿਆਂ ਵਿੱਚ ਨੁਕਸਾਨ

ਗੁਲਾਬੀ ਸੁੰਡੀ ਦਾ ਸਰਵੇਖਣ

### ਗੁਲਾਬੀ ਸੁੰਡੀ ਦਾ ਸਰਵੇਖਣ

- ਗੁਲਾਬੀ ਸੁੰਡੀ ਦੀ ਰੋਕਥਾਮ ਲਈ ਨਰਮੇ ਦੇ ਫੁੱਲਾਂ ਅਤੇ ਟੀਂਡਿਆਂ ਦਾ ਲਗਾਤਾਰ ਹਰ ਹਫਤੇ ਸਰਵੇਖਣ ਕਰੋ।
- ਹਮਲੇ ਵਾਲੇ ਭੰਬੀਰੀ ਫੁੱਲਾਂ ਨੂੰ ਸਰਵੇਖਣ ਦੌਰਾਨ ਹੀ ਤੋੜ ਕੇ ਨਸ਼ਟ ਕਰ ਦਿਓ।
- ਹੇਠਾਂ ਦੱਸੀਆਂ ਕੀਟਨਾਸ਼ਕਾਂ ਨੂੰ ਅਦਲ-ਬਦਲ ਕੇ 7 ਤੋਂ 10 ਦਿਨਾਂ ਬਾਅਦ 125-150 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ।

### ਗੁਲਾਬੀ ਸੁੰਡੀ ਦੀ ਰਸਾਇਣਿਕ ਰੋਕਥਾਮ (60-120 ਦਿਨਾਂ ਦੀ ਫ਼ਸਲ ਤੇ)

| ਮਾਰਕਾ(ਕੀਟਨਾਸ਼ਕ) | ਮਾਤਰਾ ਪ੍ਰਤੀ ਏਕੜ |
|---|---|
| ਪ੍ਰੋਕਲੇਮ 5 ਐਸਜੀ (ਐਮਾਮੈਕਟੀਨਬੈਨਜ਼ੋਏਟ) | 100 ਗ੍ਰਾਮ |
| ਕਿਉਰਾਕਰਾਨ/ਕਰੀਨਾ/ਪ੍ਰੋਫੈਕਸ/ਸਿਲਕਰਾਨ50ਈਸੀ(ਪ੍ਰੋਫੈਨੋਫਾਸ) | 500 ਮਿਲੀਲਿਟਰ |
| ਅਵਾਂਟ 14.5 ਐਸ ਸੀ (ਇੰਡੋਕਸਾਕਾਰਬ) | 200 ਮਿਲੀਲਿਟਰ |
| ਲਾਰਵਿਨ 75 ਡਬਲਯੂ ਪੀ(ਥਾਇਓਡੀਕਾਰਬ) | 250 ਗ੍ਰਾਮ |
| ਫਾਸਮਾਈਟ/ਈ-ਮਾਈਟ/ਵੋਲਥਿਆਨ 50 ਈ ਸੀ (ਈਥੀਆਨ) | 800 ਮਿਲੀਲਿਟਰ |
| ਫੇਮ 480 ਐਸ ਸੀ*(ਫਲੂਬੈਂਡੀਆਮਾਈਡ) | 40 ਮਿਲੀਲਿਟਰ |

### 120 ਦਿਨਾਂ ਤੋਂ ਬਾਅਦ ਦੀ ਫ਼ਸਲ ਤੇ

| | |
|---|---|
| ਡੇਸਿਸ/ਫੈਸੀਕੇਅਰ2.8ਈਸੀ(ਡੈਲਟਾਮੈਥਰਿਨ) | 160 ਮਿਲੀਲਿਟਰ |
| ਸੁਮੀਸੀਡੀਨ/ਫੈਨਵਲ/ਐਗਰੋਫਿਨ/ਮਾਰਕਫੈਨਵਲ 20 ਈ ਸੀ(ਫੈਨਵਲਰੇਟ) | 100 ਮਿਲੀਲਿਟਰ |
| ਡੈਨੀਟੋਲ/ਮੀਓਥ੍ਰਿਨ 10 ਈ ਸੀ(ਫੈਨਪ੍ਰੋਪੈਥ੍ਰਿਨ) | 300 ਮਿਲੀਲਿਟਰ |
| ਰਿਪਕਾਰਡ/ਬੁਲਟ/ਉਸਤਾਦ/ਸਾਈਪਰਗਾਰਡ 10 ਈ ਸੀ(ਸਾਈਪਰਮੈਥਰਿਨ) | 200 ਮਿਲੀਲਿਟਰ |
| ਸਿੰਬੁਸ਼/ਸਾਈਪਰਕਿਲ/ਹਿਲਸਾਈਪਰ/ਕੋਲਟ/ਸਾਈਪ੍ਰਗਾਰਡ 25 ਈ ਸੀ(ਸਾਈਪਰਮੈਥਰਿਨ) | 80 ਮਿਲੀਲਿਟਰ |
| ਫਾਸਟਾਕ/ਐਲਫਾਗਾਰਡ/ਮੈਰਿਟਅਲਫਾ 10 ਈ ਸੀ (ਐਲਫਾਮੈਥਰਿਨ) | 100 ਮਿਲੀਲਿਟਰ |

*ਅੱਧ ਸਤੰਬਰ ਤੋਂ ਪਹਿਲਾਂ ਸਿੰਥੈਟਿਕ ਪਰਿਥਰਾਇਡ ਜ਼ਹਿਰਾਂ ਦੀ ਵਰਤੋਂ ਨਾ ਕਰੋ ਕਿਉਂਕਿ ਇਸ ਨਾਲ ਚਿੱਟੀ ਮੱਖੀ ਦੇ ਹਮਲੇ ਵਿੱਚ ਵਾਧਾ ਹੁੰਦਾ ਹੈ।

ਵਿਜੈ ਕੁਮਾਰ ਅਤੇ ਅਮਨਦੀਪ ਕੌਰ, ਕੀਟ ਵਿਗਿਆਨ ਵਿਭਾਗ
ਮੋਬਾਇਲ:97794-51214

# ਸਜਾਵਟੀ ਰੁੱਖ: ਜਗ੍ਹਾ ਦੀ ਚੋਣ, ਲਵਾਈ ਅਤੇ ਸਾਂਭ-ਸੰਭਾਲ

| ਉਦੇਸ਼ | ਢੁੱਕਵੀਂ ਜਗ੍ਹਾ | ਵਿਸ਼ੇਸ਼ਤਾਵਾਂ |
|---|---|---|
| ਵਿਸ਼ੇਸ਼ ਜਾਂ ਨਮੂਨਾ ਰੁੱਖ | ਪਾਰਕ, ਫ਼ਾਰਮਹਾਊਸ, ਜਨਤਕ ਥਾਂ, ਮੈਰਿਜ ਪੈਲੇਸ | ਇਹਨਾਂ ਰੁੱਖਾਂ ਨੂੰ ਆਪਣੇ ਸੁੰਦਰ ਪੱਤਿਆਂ ਜਾਂ ਫੁੱਲਾਂ ਕਰਕੇ ਬਾਗ਼ ਬਗੀਚਿਆਂ ਵਿੱਚ ਕਿਸੇ ਢੁੱਕਵੀਂ ਥਾਂ ਤੇ ਲਗਾਇਆ ਜਾਂਦਾ ਹੈ ਅਤੇ ਇਹ ਨਿਮਰਤਾ ਅਤੇ ਸੁੰਦਰਤਾ ਦਾ ਸੰਕੇਤ ਦਿੰਦੇ ਹਨ। ਜਿਵੇਂ ਕਿ- ਬੋਤਲ ਬੁਰਸ਼, ਬੜਾ ਚੰਪਾ, ਅਮਲਤਾਸ, ਨੀਲੀ ਮੋਹਰ, ਮੋਲਸਰੀ, ਗੁਲਾਚੀਨ ਆਦਿ। |
| ਛਾਂਦਾਰ ਰੁੱਖ | ਪਾਰਕਿੰਗ, ਵਿੱਦਿਅਕ ਸੰਸਥਾਵਾਂ, ਧਾਰਮਿਕ ਅਸਥਾਨ, ਬਸ ਅੱਡੇ, ਸੜ੍ਹਕਾਂ ਦੁਆਲੇ | ਛਾਂਦਾਰ ਰੁੱਖ ਆਪਣੀ ਟਾਹਣੀਆਂ ਦਾ ਛੱਤਰੀਦਾਰ ਆਕਾਰ ਕਰਕੇ ਪਾਰਕਿੰਗ ਦੀ ਜਗ੍ਹਾ ਤੇ, ਕਾਲਜ ਦੇ ਗਰਾਊਂਡਾਂ ਵਿੱਚ, ਕੰਟੀਨ ਦੁਆਲੇ ਲਗਾਏ ਜਾਂਦੇ ਹਨ। ਜਿਵੇਂ ਕਿ- ਨਿੰਮ, ਸੁਖਚੈਨ, ਮੋਲਸਰੀ, ਪਿਲਕਣ, ਕੁਸਮ ਆਦਿ। |
| ਸੜ੍ਹਕਾਂ ਦੇ ਦੁਆਲੇ | ਰਾਜ ਮਾਰਗ, ਕੌਮੀ ਮਾਰਗ, ਕਲੋਨੀਆਂ, ਗਲੀਆਂ | ਰੁੱਖਾਂ ਦੀ ਚੋਣ ਸੜਕ ਦੀ ਚੌੜਾਈ ਦੇ ਅਨੁਸਾਰ ਹੋਣੀ ਚਾਹੀਦੀ ਹੈ ਤਾਂ ਜੋ ਸੜ੍ਹਕ ਤੇ ਚੱਲਣ ਵਾਲੇ ਵਾਹਨਾਂ ਨੂੰ ਕੋਈ ਪਰੇਸ਼ਾਨੀ ਨਾ ਹੋਵੇ। ਜਿਵੇਂ ਕਿ- ਸਿਲਵਰ ਓਕ, ਨੀਲੀ ਮੋਹਰ, ਮਲੀਟੀਆ, ਕਣਕ ਚੰਪਾ ਆਦਿ। |
| ਵਾੜ ਬਣਾਉਣ ਲਈ | ਖੇਤ ਦੀ ਵਾੜ, ਫ਼ੈਕਟਰੀਆਂ / ਕਾਰਖਾਨੇ ਦੁਆਲੇ, ਇੱਟਾਂ ਦੇ ਭੱਠਿਆਂ ਦੁਆਲੇ | ਵਾੜ ਬਣਾਉਣ (ਸਕਰੀਨਿੰਗ) ਲਈ ਸੰਘਣੀਆਂ ਟਹਿਣੀਆਂ ਵਾਲੇ ਰੁੱਖਾਂ ਦੀ ਵਰਤੋਂ ਕੀਤੀ ਜਾਂਦੀ ਹੈ। ਇਨ੍ਹਾਂ ਰੁੱਖਾਂ ਦਾ ਖਾਸ ਉਦੇਸ਼ ਕੁਝ ਅਣਚਾਹੇ ਦ੍ਰਿਸ਼ ਨੂੰ ਲੁਕਾਉਣ ਲਈ ਕੀਤਾ ਜਾਂਦਾ ਹੈ ਅਤੇ ਵਾੜ ਵਿੱਚ ਲਗੇ ਰੁੱਖ ਵਾਹਨਾ ਦੇ ਸ਼ੋਰ ਨੂੰ ਵੀ ਘੱਟ ਕਰਦੇ ਹਨ। ਜਿਵੇਂ ਕਿ- ਸਿਲਵਰ ਓਕ, ਜੋੜ-ਤੋੜ, ਸਫ਼ੈਦਾ, ਅਸ਼ੋਕਾ ਆਦਿ । |
| ਹਵਾ ਪ੍ਰਦੂਸ਼ਣ ਨੂੰ ਰੋਕਣ ਲਈ | ਰਾਜ ਮਾਰਗ, ਕੌਮੀ ਮਾਰਗ, ਨਹਿਰਾਂ ਦੁਆਲੇ, ਰੇਲ ਮਾਰਗਾਂ ਦੁਆਲੇ, ਫ਼ੈਕਟਰੀਆਂ / ਕਾਰਖਾਨੇ ਦੁਆਲੇ | ਬਹੁਤ ਸਾਰੇ ਰੁੱਖ, ਵਾਹਨਾਂ ਅਤੇ ਫੈਕਟਰੀਆਂ ਵੱਲੋਂ ਛੱਡੇ ਗਏ ਧੂੰਏ ਅਤੇ ਮਾਲ ਦੀ ਢੋਆ-ਢੁਆਈ ਉਪਰੰਤ ਉੱਡਦੇ ਮਿੱਟੀ ਘੱਟੇ ਨੂੰ ਸਾਫ਼ ਕਰਨ ਲਈ ਫ਼ੈਕਟਰੀਆਂ ਦੁਆਲੇ ਲਗਾਏ ਜਾਂਦੇ ਹਨ। ਜਿਵੇਂ ਕਿ- ਨਿੰਮ, ਸੱਤ ਪੱਤੀਆ, ਕਾਈਜੀਲੀਆ, ਅਸ਼ੋਕਾ, ਗੁਲਾਚੀਨ ਆਦਿ । |

ਰਣਜੀਤ ਸਿੰਘ ਅਤੇ ਸਿਮਰਤ ਸਿੰਘ, ਫਲੋਰੀਕਲਚਰ ਅਤੇ ਲੈਂਡਸਕੇਪਿੰਗ ਵਿਭਾਗ
ਮੋਬਾਇਲ: 9463140872

# ਮਿਰਚਾਂ ਨੂੰ ਟਾਹਣੀਆਂ ਦੇ ਸੋਕੇ ਅਤੇ ਫਲਾਂ ਦੇ ਗਾਲ੍ਹੇ ਤੋਂ ਬਚਾਉਣ ਲਈ ਸੁਝਾਅ

ਮਿਰਚਾਂ ਦੀਆਂ ਟਾਹਣੀਆਂ ਦਾ ਸੋਕਾ ਅਤੇ ਫਲਾਂ ਦਾ ਗਾਲ੍ਹਾ ਇੱਕ ਉੱਲੀ ਦੀ ਬਿਮਾਰੀ ਹੈ ਜਿਸ ਦਾ ਹਮਲਾ ਬਰਸਾਤੀ ਮੌਸਮ ਦੌਰਾਨ ਵੇਖਣ ਨੂੰ ਮਿਲਦਾ ਹੈ। ਮੁੱਖ ਤੌਰ 'ਤੇ ਇਸ ਬਿਮਾਰੀ ਦਾ ਹਮਲਾ ਲਾਲ ਮਿਰਚਾਂ ਤੇ ਪਾਇਆ ਜਾਂਦਾ ਹੈ ਪਰ ਕਈ ਵਾਰ ਇਹ ਬਿਮਾਰੀ ਹਰੀਆਂ ਮਿਰਚਾਂ ਤੇ ਵੀ ਵੇਖਣ ਨੂੰ ਵੀ ਮਿਲਦੀ ਹੈ। ਇਸ ਬਿਮਾਰੀ ਦੇ ਹਮਲੇ ਨਾਲ ਮਿਰਚਾਂ ਖੇਤਾਂ ਵਿੱਚ ਅਤੇ ਢੋਆ-ਢੁਆਈ ਦੌਰਾਨ ਗਲ੍ਹ ਜਾਂਦੀਆਂ ਹਨ ਜਿਸ ਕਰਕੇ ਸਾਡੇ ਮਿਰਚ ਉਤਪਾਦਕਾਂ ਦਾ ਕਾਫ਼ੀ ਨੁਕਸਾਨ ਹੋ ਜਾਂਦਾ ਹੈ।



ਟਾਹਣੀਆਂ ਤੇ ਹਮਲਾ

**ਨਿਸ਼ਾਨੀਆਂ :**

- ਇਸ ਦੇ ਹਮਲੇ ਨਾਲ ਮਿਰਚਾਂ ਦੀਆਂ ਫ਼ਲਾਂ ਵਾਲੀਆਂ ਟਾਹਣੀਆਂ ਸਿਰੇ ਤੋਂ ਹੇਠਾਂ ਵੱਲ ਨੂੰ ਸੁੱਕਣੀਆਂ ਸ਼ੁਰੂ ਹੋ ਜਾਂਦੀਆਂ ਹਨ ਜਿਨ੍ਹਾਂ ਤੇ ਬਾਅਦ ਵਿੱਚ ਉੱਲੀ ਦੇ ਕਾਲੇ ਰੰਗ ਦੇ ਟਿਮਕਣੇ ਪੈਦਾ ਹੋ ਜਾਂਦੇ ਹਨ।
- ਬਿਮਾਰੀ ਦੇ ਹਮਲੇ ਨਾਲ ਮਿਰਚਾਂ ਤੇ ਹੇਠਾਂ ਧੱਸੇ ਹੋਏ ਗੋਲ ਤੋਂ ਲੰਬੂਤਰੇ ਧੱਬੇ ਪੈ ਜਾਂਦੇ ਹਨ ਜਿਸ ਕਰਕੇ ਮਿਰਚਾਂ ਘਸਮੈਲੇ ਰੰਗ ਦੀਆਂ ਹੋ ਜਾਂਦੀਆਂ ਹਨ ।
- ਇਨ੍ਹਾਂ ਘਸਮੈਲੇ ਰੰਗ ਦੇ ਧੱਬਿਆਂ 'ਤੇ ਕਾਫ਼ੀ ਸਾਰੇ ਕਾਲੇ ਰੰਗ ਦੇ ਟਿਮਕਣੇ ਪੈਦਾ ਹੋ ਜਾਂਦੇ ਹਨ।
- ਬਿਮਾਰੀ ਨਾਲ ਪ੍ਰਭਾਵਿਤ ਮਿਰਚਾਂ ਪਹਿਲਾਂ ਹੀ ਡਿੱਗ ਪੈਂਦੀਆਂ ਹਨ।




ਫਲਾਂ ਦਾ ਗਾਲ੍ਹਾ

**ਰੋਕਥਾਮ:**

- ਜੁਲਾਈ-ਅਗਸਤ ਮਹੀਨੇ ਬਰਸਾਤਾਂ ਦੌਰਾਨ ਗਰਮ ਅਤੇ ਸਿੱਲ੍ਹਾ ਮੌਸਮ ਇਸ ਬਿਮਾਰੀ ਦੇ ਵੱਧਣ-ਫੁੱਲਣ ਲਈ ਬਹੁਤ ਅਨੁਕੂਲ ਹੋ ਜਾਂਦਾ ਹੈ।
- ਕਿਸਾਨ ਭਰਾਵੋ! ਮਿਰਚਾਂ ਨੂੰ ਇਸ ਬਿਮਾਰੀ ਤੋਂ ਬਚਾਉਣ ਲਈ ਜੁਲਾਈ ਦੇ ਮਹੀਨੇ ਫ਼ਸਲ ਤੇ 250 ਮਿ.ਲਿ. ਫੋਲੀਕਰ ਜਾਂ 750 ਗ੍ਰਾਮ ਇੰਡੋਫਿਲ ਐਮ -45 ਜਾਂ ਬਲਾਈਟੌਕਸ ਨੂੰ 250 ਲਿਟਰ ਨੂੰ ਪਾਣੀ ਵਿੱਚ ਘੋਲ ਕੇ 10 ਦਿਨਾਂ ਦੇ ਵਕਫੇ ਤੇ ਛਿੜਕਾਅ ਕਰੋ ।
- ਲੋੜ ਪੈਣ ਤੇ ਇਹ ਛਿੜਕਾਅ ਫਿਰ ਦੁਹਰਾਓ ।

ਅਮਰਜੀਤ ਸਿੰਘ ਅਤੇ ਪਰਵਿੰਦਰ ਕੌਰ, ਪੌਦਾ ਰੋਗ ਵਿਭਾਗ
ਮੋਬਾਇਲ: 94637-47280

# ਬਰਸਾਤ ਰੁੱਤ ਵਿੱਚ ਕੱਦੂ ਜਾਤੀ ਦੀਆਂ ਸਬਜ਼ੀਆਂ ਦੀ ਸਫ਼ਲ ਕਾਸ਼ਤ ਦੇ ਜ਼ਰੂਰੀ ਨੁਕਤੇ



ਬਰਸਾਤ ਰੁੱਤ ਦੀਆਂ ਸਬਜ਼ੀਆਂ ਦੇ ਵਿੱਚ ਕੱਦੂ ਜਾਤੀ ਦੀਆਂ ਸਬਜ਼ੀਆਂ ਦਾ ਪ੍ਰਮੁੱਖ ਸਥਾਨ ਹੈ। ਇਨ੍ਹਾਂ ਸਬਜੀਆਂ ਦੀ ਖੇਤੀ ਦੂਜੀਆਂ ਸਬਜ਼ੀਆਂ ਦੇ ਮੁਕਾਬਲੇ ਸੌਖੀ ਕੀਤੀ ਜਾ ਸਕਦੀ ਹੈ। ਘਰੇਲੂ ਪੱਧਰ 'ਤੇ ਇਨ੍ਹਾਂ ਸਬਜ਼ੀਆਂ ਨੂੰ ਕਿਸੇ ਫਾਲਤੂ ਜਗ੍ਹਾ ਜਿਵੇਂ ਕਿ ਕੰਧਾਂ, ਤੂੜੀ ਵਾਲੇ ਕੁੱਪਾਂ, ਪਾਥੀਆਂ ਵਾਲੇ ਗੀਰੇ ਅਤੇ ਦਰਖ਼ਤਾਂ ਦੇ ਨੇੜੇ ਵੀ ਬੀਜਿਆ ਜਾ ਸਕਦਾ ਹੈ ਕਿਉਂਕਿ ਇਹ ਸਬਜ਼ੀਆਂ ਵੇਲਾਂ ਦੇ ਰੂਪ ਵਿੱਚ ਵਧਦੀਆਂ ਫੁੱਲਦੀਆਂ ਹਨ। ਇਨ੍ਹਾਂ ਸ਼ਬਜੀਆਂ ਦਾ ਕਤਾਰ ਤੋਂ ਕਤਾਰ ਦਾ ਫ਼ਾਸਲਾ ਜ਼ਿਆਦਾ ਹੁੰਦਾ ਹੈ ਅਤੇ ਇਹ ਬੈੱਡਾਂ ਦੇ ਉੱਪਰ ਉਗਾਈਆਂ ਜਾਂਦੀਆਂ ਹਨ। ਇਨ੍ਹਾਂ ਫ਼ਸਲਾਂ ਦੀ ਪਾਣੀ ਦੀ ਲੋੜ ਝੋਨੇ ਨਾਲੋਂ ਕਾਫ਼ੀ ਘੱਟ ਹੈ, ਜਿਸ ਕਰਕੇ ਪਾਣੀ ਦੀ ਬਹੁਤ ਬੱਚਤ ਹੁੰਦੀ ਹੈ। ਇਨ੍ਹਾਂ ਸ਼ਬਜੀਆਂ ਵਿੱਚ ਝੋਨੇ ਨਾਲੋ 3-4 ਗੁਣਾਂ ਜ਼ਿਆਦਾ ਮੁਨਾਫਾ ਮਿਲਦਾ ਹੈ। ਕਿਸਾਨ ਵੀਰ ਇਨ੍ਹਾਂ ਸਬਜੀਆਂ ਨੂੰ ਝੋਨੇ ਦੇ ਬਦਲ ਦੇ ਤੌਰ ਤੇ ਬੜੀ ਕਾਮਯਾਬੀ ਨਾਲ ਉਗਾ ਸਕਦੇ ਹਨ ਅਤੇ ਇਹ ਸ਼ਬਜੀਆਂ ਪੰਜਾਬ ਵਿੱਚ ਪਾਣੀ ਦੇ ਘੱਟ ਰਹੇ ਪੱਧਰ ਨੂੰ ਸਥਿਰ ਰੱਖਣ ਅਤੇ ਖੇਤੀ ਵਿੱਚ ਵਿਭਿੰਨਤਾ ਲਿਆਉਣ ਲਈ ਅਹਿਮ ਭੂਮਿਕਾ ਨਿਭਾ ਸਕਦੀਆਂ ਹਨ।

| ਫ਼ਸਲ | ਕਿਸਮ | ਬੀਜ (ਕਿਲੋ/ ਏਕੜ) | ਬਿਜਾਈ ਦਾ ਸਮਾਂ | ਫ਼ਾਸਲਾ | ਖਾਦਾਂ (ਐਨ:ਪੀ:ਕੇ) | ਪਾਣੀ | ਤੁੜਾਈ (ਦਿਨ) |
|---|---|---|---|---|---|---|---|
| ਘੀਆ ਕੱਦੂ | ਪੰਜਾਬ ਬਹਾਰ ਪੰਜਾਬ ਬਰਕਤ | 2 | ਜੂਨ-ਜੁਲਾਈ | 2-2.5 ਮੀਟਰ X 45-60 ਸੈ.ਮੀ. | 40 :20 :20 | 8-9 | 60-70 |
| ਹਲਵਾ ਕੱਦੂ | ਪੰਜਾਬ ਨਵਾਬ | 1-1.5 | ਜੂਨ-ਜੁਲਾਈ | 2-2.5 ਮੀਟਰ X 60 ਸੈ.ਮੀ. | 40 :20 :20 | 8-9 | 60-70 |
| ਕਾਲੀ ਤੋਰੀ | ਪੰਜਾਬ ਨਿਖਾਰ | 2 | ਅੱਧ ਮਈ ਤੋਂ ਜੁਲਾਈ | 3.0 ਮੀਟਰ X 75-90 ਸੈ.ਮੀ. | 40 :20 :20 | 7-8 | 70-80 |
| ਕਰੇਲਾ | ਪੰਜਾਬ ਕਰੇਲਾ-15 | 2 | ਜੂਨ-ਜੁਲਾਈ | 1.5 ਮੀਟਰ X 45 ਸੈ.ਮੀ. | 40 :20 :20 | 8-9 | 55-60 |
| ਟਿੰਡਾ | ਪੰਜਾਬ ਟੀਂਡਾ-1 | 1.2 | ਜੂਨ-ਜੁਲਾਈ | 1.5 ਮੀਟਰ X 45 ਸੈ.ਮੀ. | 40 :20 :20 | 8-9 | 60 |
| ਪੇਠਾ | ਪੀ. ਏ. ਜੀ.- 3 | 2 | ਜੂਨ-ਜੁਲਾਈ | 3.0 ਮੀਟਰ X 75-90 ਸੈ.ਮੀ. | 40 :20 :20 | 9-10 | 120-150 |

ਬਲਵੀਰ ਕੌਰ ਅਤੇ ਰੂਮਾ ਦੇਵੀ, ਕ੍ਰਿਸ਼ੀ ਵਿਗਿਆਨ ਕੇਂਦਰ, ਜਲੰਧਰ, ਸ਼ਬਜੀ ਵਿਗਿਆਨ ਵਿਭਾਗ
ਮੋਬਾਇਲ: 94636-12320

# ਬਾਸਮਤੀ ਵਿੱਚ ਖਾਦਾਂ ਦੀ ਸੁਚੱਜੀ ਵਰਤੋਂ ਕਿਵੇਂ ਕਰੀਏ



- ਜੇਕਰ ਫ਼ਾਸਫ਼ੋਰਸ ਖਾਦ ਦੀ ਸਿਫ਼ਾਰਸ਼ ਕੀਤੀ ਮਾਤਰਾ ਪਹਿਲਾਂ ਬੀਜੀ ਕਣਕ ਨੂੰ ਪਾਈ ਗਈ ਹੋਵੇ ਤਾਂ ਬਾਸਮਤੀ ਨੂੰ ਇਸ ਦੀ ਕੋਈ ਲੋੜ ਨਹੀਂ।ਪਰ ਫ਼ਾਸਫ਼ੋਰਸ ਦੀ ਘਾਟ ਵਾਲੀਆਂ ਜ਼ਮੀਨਾਂ ਵਿੱਚ ਆਖਰੀ ਕੱਦੂ ਕਰਨ ਤੋਂ ਪਹਿਲਾਂ 75 ਕਿਲੋ ਸਿੰਗਲ ਸੁਪਰਫ਼ਾਸਫ਼ੇਟ ਪ੍ਰਤੀ ਏਕੜ ਦੇ ਹਿਸਾਬ ਨਾਲ ਪਾਉ।
- ਨਾਈਟ੍ਰੋਜਨ ਤੱਤ ਦੀ ਪੂਰਤੀ ਲਈ ਵੱਖੋ-ਵੱਖਰੀਆਂ ਬਾਸਮਤੀ ਦੀਆਂ ਕਿਸਮਾਂ ਲਈ ਯੂਰੀਆ ਦੀ ਮਾਤਰਾ ਹੇਠ ਲਿਖੇ ਅਨੁਸਾਰ ਪਾਓ।

| ਕਿਸਮਾਂ | ਯੂਰੀਆ ਦੀ ਮਾਤਰਾ (ਕਿਲੋ ਪ੍ਰਤੀ ਏਕੜ) | ਖਾਦ ਪਾਉਣ ਦਾ ਸਮਾਂ ਅਤੇ ਢੰਗ |
|---|---|---|
| ਸੀ ਐਸ ਆਰ 30 | 18 | ਯੂਰੀਆ ਖਾਦ ਦੀ ਦੱਸੀ ਗਈ ਮਾਤਰਾ ਦੋ ਬਰਾਬਰ ਕਿਸ਼ਤਾਂ ਵਿੱਚ ਖੇਤ ਵਿੱਚ ਪਨੀਰੀ ਲਾਉਣ ਤੋਂ 3 ਹਫ਼ਤੇ ਅਤੇ 6 ਹਫ਼ਤੇ ਪਿੱਛੋਂ ਪਾਉ। |
| ਪੰਜਾਬ ਬਾਸਮਤੀ 7 ਤੇ 5, ਪੂਸਾ ਬਾਸਮਤੀ 1121 ਤੇ 1718 | 36 | |
| ਪੂਸਾ ਬਾਸਮਤੀ 1847 ਤੇ 1509 | 54 | |

- ਯੂਰੀਆ ਖਾਦ ਖੜ੍ਹੇ ਪਾਣੀ ਵਿੱਚ ਨਾ ਪਾਉ। ਖਾਦ ਪਾਉਣ ਤੋਂ 3 ਦਿਨ ਬਾਅਦ ਪਾਣੀ ਲਾਉ।
- ਬਿਨਾਂ ਕੱਦੂ ਕੀਤੇ ਬਾਸਮਤੀ ਦੀ ਸਿੱਧੀ ਬਿਜਾਈ ਵਾਲੀ ਫ਼ਸਲ ਨੂੰ 54 ਕਿਲੋ ਯੂਰੀਆ ਪ੍ਰਤੀ ਏਕੜ ਦੇ ਹਿਸਾਬ ਨਾਲ ਤਿੰਨ ਬਰਾਬਰ ਹਿੱਸਿਆਂ ਵਿੱਚ ਵੰਡ ਕੇ ਬਿਜਾਈ ਤੋਂ 3, 6 ਅਤੇ 9 ਹਫਤਿਆਂ ਬਾਅਦ ਛੱਟੇ ਨਾਲ ਪਾਉ। ਫ਼ਾਸਫ਼ੋਰਸ ਅਤੇ ਪੋਟਾਸ਼ ਤੱਤਾਂ ਦੀ ਵਰਤੋਂ ਮਿੱਟੀ ਪਰਖ ਦੇ ਆਧਾਰ ਤੇ ਕਰੋ।
- ਜਿਨ੍ਹਾਂ ਬਾਸਮਤੀ ਵਾਲੇ ਖੇਤਾਂ ਵਿੱਚ ਪਿਛਲੇ ਸਾਲ ਜ਼ਿੰਕ ਦੀ ਘਾਟ ਸੀ ਉਨ੍ਹਾਂ ਖੇਤਾਂ ਵਿੱਚ ਜ਼ਿੰਕ ਦੀ ਘਾਟ ਪੂਰੀ ਕਰਨ ਲਈ ਕੱਦੂ ਕਰਨ ਸਮੇਂ 25 ਕਿਲੋ ਜ਼ਿੰਕ ਸਲਫੇਟ ਹੈਪਟਾਹਾਈਡਰੇਟ (21%) ਜਾਂ 16 ਕਿਲੋ ਜ਼ਿੰਕ ਸਲਫੇਟ ਮੋਨੋਹਾਈਡ੍ਰੇਟ (33%) ਪ੍ਰਤੀ ਏਕੜ ਦੇ ਹਿਸਾਬ ਨਾਲ ਖਿਲਾਰ ਦੇਣਾ ਚਾਹੀਦਾ ਹੈ। ਬਹੁਤ ਮਾੜੀਆਂ ਜ਼ਮੀਨਾਂ ਵਿੱਚ ਜ਼ਿੰਕ ਸਲਫੇਟ ਦੀ ਵਰਤੋਂ ਦੇ ਬਾਵਜੂਦ ਵੀ ਜ਼ਿੰਕ ਦੀ ਘਾਟ ਧੌੜੀਆਂ ਵਿੱਚ ਨਜ਼ਰ ਆਉਂਦੀ ਹੈ। ਅਜਿਹੀ ਹਾਲਤ ਵਿੱਚ 10 ਕਿਲੋ ਜ਼ਿੰਕ ਸਲਫੇਟ ਹੈਪਟਾਹਾਈਡ੍ਰੇਟ (21%) ਜਾਂ 6.5 ਕਿਲੋ ਜ਼ਿੰਕ ਸਲਫੇਟ ਮੋਨੋਹਾਈਡ੍ਰੇਟ (33%) ਨੂੰ ਏਨੀ ਹੀ ਸੁੱਕੀ ਮਿੱਟੀ ਵਿੱਚ ਰਲਾ ਕੇ ਘਾਟ ਵਾਲੇ ਥਾਵਾਂ ਵਿੱਚ ਖਿਲਾਰ ਦੇਣਾ ਚਾਹੀਦਾ ਹੈ।
- ਜੇਕਰ ਲੋਹੇ ਦੀ ਘਾਟ ਦੀਆਂ ਨਿਸ਼ਾਨੀਆਂ ਨਜ਼ਰ ਆਉਣ ਤਾਂ ਛੇਤੀ-ਛੇਤੀ ਭਰਵੇਂ ਪਾਣੀ ਫ਼ਸਲ ਨੂੰ ਦਿਉ। ਇੱਕ ਹਫ਼ਤੇ ਦੀ ਵਿੱਥ ਰੱਖ ਕੇ ਇੱਕ ਪ੍ਰਤੀਸ਼ਤ ਲੋਹੇ ਦਾ ਛਿੜਕਾਅ ਪੱਤਿਆਂ ਉੱਪਰ ਕਰੋ। ਇਸ ਲਈ ਇੱਕ ਕਿਲੋ ਫੈਰਸ ਸਲਫੇਟ ਨੂੰ 100 ਲਿਟਰ ਪਾਣੀ ਵਿੱਚ ਮਿਲਾ ਕੇ ਪ੍ਰਤੀ ਏਕੜ ਛਿੜਕੋ। ਅਜਿਹੇ 2-3 ਛਿੜਕਾਅ ਕਰਨ ਨਾਲ ਲੋਹੇ ਦੀ ਘਾਟ ਪੂਰੀ ਕੀਤੀ ਜਾ ਸਕਦੀ ਹੈ।

ਰਮਿੰਦਰ ਸਿੰਘ ਘੁੰਮਣ ਅਤੇ ਅਮਿਤ ਸਲਾਰੀਆ
ਮੋਬਾਇਲ: 94171-88183

# ਚਾਰੇ ਵਾਲੇ ਮੱਕੀ ਵਿੱਚ ਫ਼ਾਲ ਆਰਮੀਵਰਮ ਕੀੜੇ ਦੇ ਹਮਲੇ ਤੋਂ ਸੁਚੇਤ ਰਹਿਣ ਦੀ ਲੋੜ

ਫ਼ਾਲ ਆਰਮੀਵਰਮ ਦੇ ਹਮਲੇ ਅਤੇ ਨੁਕਸਾਨ ਤੋਂ ਬਚਣ ਲਈ ਇਸ ਦੀ ਪਹਿਚਾਣ ਅਤੇ ਰੋਕਥਾਮ ਬਹੁਤ ਜ਼ਰੂਰੀ ਹੈ ਕਿਉਂਕਿ ਇਹ ਕੀੜਾ ਬੜੀ ਤੇਜ਼ੀ ਨਾਲ਼ ਪੱਤਿਆਂ ਨੂੰ ਖਾ ਜਾਂਦਾ ਹੈ ਅਤੇ ਜੇਕਰ ਅਣਦੇਖਿਆ ਰਹਿ ਜਾਵੇ ਤਾਂ ਇਹ ਸਾਰੀ ਫਸਲ ਨੂੰ ਵੀ ਖ਼ਤਮ ਕਰ ਦਿੰਦਾ ਹੈ।

ਇਸ ਸਮੇਂ ਕਿਸਾਨਾਂ ਨੂੰ ਇਸ ਕੀੜੇ ਦੇ ਹਮਲੇ ਪ੍ਰਤੀ ਪੂਰੀ ਤਰਾਂ ਸੁਚੇਤ ਰਹਿਣ ਦੀ ਲੋੜ ਹੈ ਕਿਉਂਕਿ ਫ਼ਸਲ ਦੀ ਇਹ ਅਵਸਥਾ ਕੀੜੇ ਦੇ ਹਮਲੇ ਲਈ ਅਨੁਕੂਲ ਹੈ। ਆਮ ਤੌਰ ਤੇ ਇਸ ਕੀੜੇ ਦਾ ਹਮਲਾ ਇੱਕ ਵਾਰ ਘੱਟ ਗਿਣਤੀ ਤੋਂ ਸ਼ੁਰੂ ਹੁੰਦਾ ਹੈ ਅਤੇ ਉਸ ਤੋਂ ਬਾਦ ਪੂਰੇ ਖੇਤ ਵਿੱਚ ਤੇਜ਼ੀ ਨਾਲ ਫੈਲ ਜਾਂਦਾ ਹੈ।



ਚਿੱਤਰ: (ੳ) ਪੱਤਿਆਂ ਤੇ ਲੂਈ ਨਾਲ ਢਕੇ ਹੋਏ ਆਂਡਿਆਂ ਦੇ ਝੁੰਡ (ਅ) ਫ਼ਾਲ ਆਰਮੀਵਰਮ ਦੀ ਸੁੰਡੀ (ੲ) ਫ਼ਾਲ ਆਰਮੀਵਰਮ ਦੁਆਰਾ ਨੁਕਸਾਨੇ ਮੱਕੀ ਦੇ ਪੌਦੇ

ਹੇਠ ਦੱਸੀ ਗਈ ਸਰਵਪੱਖੀ ਰੋਕਥਾਮ ਵਿਧੀ ਰਾਹੀਂ ਇਸ ਕੀੜੇ ਤੋਂ ਹੋਣ ਵਾਲੇ ਨੁਕਸਾਨ ਤੋਂ ਬਚਿਆ ਜਾ ਸਕਦਾ ਹੈ:

- ਚਾਰੇ ਵਾਲੀ ਮੱਕੀ ਲਈ ਜ਼ਿਆਦਾ ਸੰਘਣੀ ਬਿਜਾਈ ਨਾ ਕਰੋ ਅਤੇ ਸਿਫ਼ਾਰਸ਼ ਕੀਤੀ ਬੀਜ ਦੀ ਮਾਤਰਾ (30 ਕਿੱਲੋ ਪ੍ਰਤੀ ਏਕੜ) ਕਤਾਰਾਂ ਵਿੱਚ ਬਿਜਾਈ ਲਈ ਵਰਤੋ।
- ਕਿਸਾਨਾਂ ਨੂੰ ਇਕੱਲੇ ਚਾਰਾ ਮੱਕੀ ਦੀ ਫ਼ਸਲ ਉਗਾਉਣ ਦੀ ਬਜਾਏ ਮੱਕੀ ਵਿੱਚ ਬਾਜਰਾ/ਰਵਾਂਹ/ਜਵਾਰ ਰਲਾ ਕੇ ਬੀਜਣ ਦੀ ਸਲਾਹ ਦਿੱਤੀ ਜਾਂਦੀ ਹੈ ਤਾਂ ਜੋ ਖੇਤ ਵਿੱਚ ਕੀੜੇ ਦਾ ਫ਼ੈਲਾਅ ਰੋਕਿਆ ਜਾ ਸਕੇ।
- ਚਾਰੇ ਵਾਲੀ ਮੱਕੀ ਦੀ ਬਿਜਾਈ ਅੱਧ-ਅਪ੍ਰੈਲ ਤੋਂ ਅੱਧ-ਅਗਸਤ ਤੱਕ ਪੂਰੀ ਕਰ ਲੈਣੀ ਚਾਹੀਦੀ ਹੈ।
- ਨਾਲ ਲਗਦੇ ਖੇਤਾਂ ਵਿੱਚ ਮੱਕੀ ਦੀ ਬਿਜਾਈ ਥੋੜ੍ਹੇ-ਥੋੜ੍ਹੇ ਵਕਫ਼ੇ ਤੇ ਕਰਨ ਦੀ ਬਜਾਏ ਇੱਕਸਾਰ ਕਰੋ।
- ਖੇਤ ਦਾ ਲਗਾਤਾਰ ਸਰਵੇਖਣ ਕਰੋ।
- ਪੱਤਿਆਂ ਉੱਤੇ ਫ਼ਾਲ ਆਰਮੀਵਰਮ ਕੀੜੇ ਦੇ ਆਂਡਿਆਂ ਦੇ ਝੁੰਡਾਂ ਨੂੰ ਨਸ਼ਟ ਕਰਦੇ ਰਹੋ।
- ਕੀੜੇ ਦਾ ਹਮਲਾ ਦਿਖਾਈ ਦੇਣ ਤੇ ਤੁਰੰਤ ਇਸ ਦੀ ਰੋਕਥਾਮ ਲਈ 0.4 ਮਿਲੀਲਿਟਰ ਕੋਰਾਜਨ 18.5 ਐਸ ਸੀ (ਕਲੋਰਐਂਟਰਾਨਿਲੀਪਰੋਲ) ਪ੍ਰਤੀ ਲਿਟਰ ਪਾਣੀ ਦੇ ਹਿਸਾਬ ਨਾਲ ਘੋਲ ਕੇ ਛਿੜਕਾਅ ਕਰੋ। 20 ਦਿਨਾਂ ਤੱਕ ਦੀ ਫ਼ਸਲ ਲਈ 120 ਲਿਟਰ ਪਾਣੀ ਅਤੇ ਇਸ ਤੋਂ ਵੱਡੀ ਫ਼ਸਲ ਉੱਤੇ ਵਾਧੇ ਅਨੁਸਾਰ ਪਾਣੀ ਦੀ ਮਾਤਰਾ 200 ਲਿਟਰ ਪ੍ਰਤੀ ਏਕੜ ਤੱਕ ਕੀਤੀ ਜਾ ਸਕਦੀ ਹੈ। ਛਿੜਕਾਅ ਕਰਨ ਲਈ ਗੋਲ ਨੋਜ਼ਲ ਦੀ ਵਰਤੋਂ ਕਰੋ ਅਤੇ ਨੋਜ਼ਲ ਦੀ ਦਿਸ਼ਾ ਮੱਕੀ ਦੀ ਗੋਭ ਵੱਲ ਰੱਖੋ, ਕਿਉਂਕਿ ਸੁੰਡੀ ਗੋਭ ਵਿੱਚ ਖਾਣਾ ਪਸੰਦ ਕਰਦੀ ਹੈ। ਖੇਤ ਵਿੱਚ ਕੀੜੇ ਦਾ ਹਮਲਾ ਹੋਣ ਦੀ ਸੂਰਤ ਵਿੱਚ ਕਿਸਾਨ ਖੇਤੀ ਮਾਹਿਰਾਂ ਨਾਲ ਸੰਪਰਕ ਵੀ ਕਰ ਸਕਦੇ ਹਨ।

ਨੋਟ: ਕਿਸਾਨਾਂ ਨੂੰ ਕੀਟਨਾਸ਼ਕਾਂ ਦੇ ਛਿੜਕਾਅ ਤੋਂ ਬਾਅਦ 21 ਦਿਨਾਂ ਤੱਕ ਮੱਕੀ ਦੇ ਚਾਰੇ ਨੂੰ ਪਸ਼ੂਆਂ ਨੂੰ ਚਰਾਉਣ ਜਾਂ ਚਾਰਾ ਇਕੱਠਾ ਨਾ ਕਰਨ ਲਈ ਸਖ਼ਤੀ ਨਾਲ ਸਾਵਧਾਨ ਕੀਤਾ ਜਾਂਦਾ ਹੈ।

ਉਰਵੀ ਸ਼ਰਮਾ, ਪੀਏਯੂ ਕ੍ਰਿਸ਼ੀ ਵਿਗਿਆਨ ਕੇਂਦਰ, ਰੋਪੜ
ਮੋਬਾਇਲ: 70182-61834

# ਅਗਾਂਹਵਧੂ ਮੁਰਗੀ ਪਾਲਕ - ਕਰਮਜੀਤ ਸਿੰਘ

ਕਰਮਜੀਤ ਸਿੰਘ ਬਰਾੜ ਨੇ 2017 ਵਿੱਚ ਮੁਰਗੀ ਪਾਲਣ ਦਾ ਕਿੱਤਾ ਸ਼ੁਰੂ ਕਿਤਾ। ਕਰਮਜੀਤ ਸਿੰਘ ਬਰਾੜ ਸਪੁੱਤਰ ਸ. ਦਰਸ਼ਨ ਸਿੰਘ ਬਰਾੜ, ਉਮਰ 41 ਸਾਲ, ਪਿੰਡ ਕਨੋਈ, ਜ਼ਿਲ੍ਹਾ ਸੰਗਰੂਰ ਦਾ ਇੱਕ ਬਹੁਤ ਹੀ ਮਿਹਨਤੀ ਕਿਸਾਨ ਹੈ ਜੋ +2 ਤੱਕ ਪੜ੍ਹਿਆ ਹੋਇਆ ਹੈ। ਉਸ ਨੇ ਖੇਤੀ ਦੇ ਨਾਲ-ਨਾਲ ਮੁਰਗੀ ਪਾਲਣ ਦਾ ਧੰਦਾ ਕਰਨ ਬਾਰੇ ਸੋਚਿਆ। ਮੁਰਗੀ ਪਾਲਣ ਦਾ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਉਸ ਨੇ ਕ੍ਰਿਸ਼ੀ ਵਿਗਿਆਨ ਕੇਂਦਰ, ਸੰਗਰੂਰ ਤੋਂ ਸਿਖਲਾਈ ਹਾਸਿਲ ਕੀਤੀ ਅਤੇ ਆਪਣੇ ਰਿਸ਼ਤੇਦਾਰ ਅਤੇ ਦੋਸਤ ਜੋ ਕਿ ਮੁਰਗੀ ਪਾਲਣ ਦਾ ਕੰਮ ਕਰ ਰਹੇ ਸਨ ਨਾਲ ਸਲਾਹ-ਮਸ਼ਵਰਾ ਕੀਤਾ। ਫਿਰ ਉਸ ਨੇ ਸਾਲ 2017 ਵਿੱਚ 12,00,000/- ਰੁਪਏ ਦੀ ਲਾਗਤ ਨਾਲ 100×30 ਫੁੱਟ ਦੇ ਖੇਤਰਫਲ ਵਿੱਚ ਦੋ-ਮੰਜ਼ਿਲਾ 5000 ਬਰਾਇਲਰਾਂ ਦੀ ਸਮਰੱਥਾ ਵਾਲਾ ਪੋਲਟਰੀ ਫਾਰਮ ਬਣਾਇਆ। ਇਸ ਤੋਂ ਬਾਅਦ ਉਸ ਨੇ ਵੈਂਕੀਜ਼ ਇੰਡੀਆ ਲਿਮਟਿਡ ਕੰਪਨੀ ਨਾਲ ਸਮਝੌਤਾ ਕੀਤਾ ਅਤੇ ਨਵੰਬਰ, 2017 ਵਿੱਚ 5200 ਬਰਾਇਲਰਾਂ ਨਾਲ ਆਪਣਾ ਮੁਰਗੀ ਫਾਰਮ ਸ਼ੁਰੂ ਕੀਤਾ ਅਤੇ ਇਸ ਦਾ ਨਾਮ "ਬਰਾੜ ਪੋਲਟਰੀ ਫਾਰਮ" ਰੱਖਿਆ।

ਕਰਮਜੀਤ ਦੱਸਦਾ ਹੈ ਕਿ ਉਹ ਖੁਦ ਅਤੇ ਪਰਿਵਾਰ ਦੇ ਹੋਰ ਮੈਂਬਰ ਸਮੇਤ ਬੱਚੇ ਰਲ ਕੇ ਸਵੇਰੇ ਅਤੇ ਸ਼ਾਮ ਦੇ ਸਮੇਂ ਸਿਰਫ ਕੁੱਝ ਘੰਟੇ ਲਗਾ ਕੇ ਮੁਰਗੀ ਫਾਰਮ ਦੇ ਕੰਮਾਂ ਨੂੰ ਚੰਗੀ ਤਰ੍ਹਾਂ ਸਾਂਭ ਲੈਂਦੇ ਹਨ। ਬਰੂਡਿੰਗ ਦੇ ਦੌਰਾਨ ਤਾਪਮਾਨ ਨੂੰ ਸਹੀ ਰੱਖ ਕੇ ਅਤੇ ਪੰਛੀਆਂ ਦਾ ਬਰੀਕੀ ਨਾਲ ਨਿਰੀਖਣ ਕਰਕੇ ਪੰਛੀਆਂ ਦੀ ਮੌਤ ਦਰ ਨੂੰ ਘਟਾਇਆ ਜਾ ਸਕਦਾ ਹੈ। ਲਿਟਰ (ਸੁੱਕ) ਸਮੱਗਰੀ ਅਤੇ ਪੋਲਟਰੀ ਸ਼ੈਡ ਨੂੰ ਹਮੇਸ਼ਾ ਸੁੱਕਾ ਅਤੇ ਸਾਫ ਰੱਖਿਆ ਜਾਣਾ ਚਾਹੀਦਾ ਹੈ ਜੋ ਕਿ ਉਸ ਦੇ ਫਾਰਮ ਵਿੱਚ ਰੱਖੀ ਸਾਫ-ਸਫਾਈ ਅਤੇ ਵਿਗਿਆਨਕ ਖੁਰਾਕ ਪ੍ਰਬੰਧ ਤੋਂ ਸਾਫ ਝਲਕਦਾ ਹੈ। ਉਹ ਪੰਛੀਆਂ ਨੂੰ ਸਿਹਤਮੰਦ ਰੱਖਣ ਲਈ ਸਮੇਂ ਸਿਰ ਖੁਰਾਕ, ਪਾਣੀ, ਰੋਸ਼ਨੀ ਅਤੇ ਬਿਮਾਰੀਆਂ ਦੀ ਰੋਕਥਾਮ ਲਈ ਟੀਕਾਕਰਣ ਦਾ ਵਿਸ਼ੇਸ਼ ਧਿਆਨ ਰੱਖਦਾ ਹੈ ਜੋ ਕਿ ਸਫਲ ਮੁਰਗੀ ਪਾਲਣ ਲਈ ਸਭ ਤੋਂ ਮਹੱਤਵਪੂਰਨ ਕੰਮ ਹੈ।

ਕਰਮਜੀਤ ਦਾ ਕਹਿਣਾ ਹੈ ਕਿ ਪੋਲਟਰੀ ਫਾਰਮ ਦੇ ਧੰਦੇ ਨੇ ਉਸ ਦੀ ਪਿੰਡ ਵਿੱਚ ਇੱਕ ਵਿਲੱਖਣ ਪਹਿਚਾਣ ਬਣਾਈ ਹੈ ਅਤੇ ਨੇੜਲੇ ਪਿੰਡਾਂ ਦੇ ਹੋਰਨਾਂ ਬੇਰੁਜ਼ਗਾਰ ਨੌਜਵਾਨਾਂ ਨੂੰ ਵੀ ਇਸ ਲਾਭਕਾਰੀ ਕਿੱਤੇ ਬਾਰੇ ਗੰਭੀਰਤਾ ਨਾਲ ਸੋਚਣ ਲਈ ਪ੍ਰਭਾਵਿਤ ਕੀਤਾ ਹੈ।

## ਸਾਲ 2017 ਤੋਂ 2023 ਤੱਕ ਪੋਲਟਰੀ ਫਾਰਮ ਦੇ ਚਲੰਤ ਖਰਚਿਆਂ ਅਤੇ ਆਮਦਨ ਦਾ ਵੇਰਵਾ

| ਸਾਲ | ਬੈਚ ਪ੍ਰਤੀ ਸਾਲ | ਬਰਾਇਲਰਾਂ ਦੀ ਸੰਖਿਆ | ਕੁੱਲ ਆਮਦਨ (ਰੁਪਏ) | ਖਰਚਾ (ਰੁਪਏ) | ਮੁਨਾਫਾ (ਰੁਪਏ) |
|---|---|---|---|---|---|
| 2017 | 1 | 5200 | 99,000 | 27,000 | 72,000 |
| 2018 | 5 | 24000 | 4,50,000 | 1,28,300 | 3,22,000 |
| 2019 | 7 | 37800 | 8,00,000 | 3,00,000 | 5,00,000 |
| 2020 | 8 | 43200 | 8,00,000 | 3,15,000 | 4,85,000 |
| 2021 | 6 | 32900 | 6,00,000 | 1,95,000 | 4,05,000 |
| 2022 | 7 | 32200 | 7,15,000 | 2,00,000 | 5,15,000 |
| 2023 | 6 | 27000 | 6,20,000 | 2,40,000 | 3,80,000 |

ਅਜੈ ਸਿੰਘ ਅਤੇ ਮਨਦੀਪ ਸਿੰਘ, ਕ੍ਰਿਸ਼ੀ ਵਿਗਿਆਨ ਕੇਂਦਰ, ਮਾਨਸਾ ਅਤੇ ਸੰਗਰੂਰ
ਮੋਬਾਇਲ: 9896102368

# ਪੀ.ਏ.ਯੂ. ਖੇਤੀ ਮਾਹਿਰਾਂ ਦੇ ਡੈਸਕ ਤੋਂ

## ਮੌਸਮ (17-07-2024)

**ਆਉਣ ਵਾਲੇ 24 ਘੰਟਿਆਂ ਦੌਰਾਨ ਲੁਧਿਆਣਾ ਅਤੇ ਇਸਦੇ ਨਾਲ ਲੱਗਦੇ ਭਾਗਾਂ ਵਿੱਚ ਬੱਦਲਵਾਈ ਬਣੇ ਰਹਿਣ ਨਾਲ ਕਿਤੇ ਕਿਤੇ ਛਿੱਟੇ ਪੈਣ ਦਾ ਅਨੁਮਾਨ ਹੈ।**

| | |
|---|---|
| ਦਿਨ ਦਾ ਤਾਪਮਾਨ: | 35.6 ਡਿ.ਸੈ. |
| ਰਾਤ ਦਾ ਤਾਪਮਾਨ: | 29.5 ਡਿ.ਸੈ. |
| ਸਵੇਰ ਦੀ ਨਮੀ: | 73% |
| ਸ਼ਾਮ ਦੀ ਨਮੀ: | 61% |
| ਵਾਸ਼ਪੀਕਰਨ: (ਪਿਛਲੇ 24 ਘੰਟਿਆਂ ਦੌਰਾਨ) | 5.2 ਮਿ.ਮਿ. |
| ਬਾਰਿਸ਼: (ਪਿਛਲੇ 24 ਘੰਟਿਆਂ ਦੌਰਾਨ) | 0.0 ਮਿ.ਮਿ |
| ਦਿਨ ਦੀ ਲੰਬਾਈ | 13 ਘੰਟੇ 56 ਮਿੰਟ |

**ਮੌਸਮ ਦੀ ਭਵਿੱਖਵਾਣੀ:** ਅਗਲੇ 3-4 ਦਿਨ ਟੁੱਟਵੀਂ ਬੱਦਲਵਾਈ ਬਣੇ ਰਹਿਣ ਦੇ ਨਾਲ ਕਿਤੇ-ਕਿਤੇ ਬਾਰਿਸ਼ ਪੈਣ ਦਾ ਅਨੁਮਾਨ ਹੈ।

### ਆਉਣ ਵਾਲੇ ਦਿਨਾਂ ਵਿੱਚ ਮੌਸਮ ਦਾ ਹਾਲ

| ਇਲਾਕੇ /ਮੌਸਮੀ ਪੈਮਾਨੇ | ਨੀਮ ਪਹਾੜੀ ਇਲਾਕੇ | ਮੈਦਾਨੀ ਇਲਾਕੇ | ਦੱਖਣ-ਪੱਛਮੀ ਇਲਾਕੇ |
|---|---|---|---|
| ਵੱਧ ਤੋਂ ਵੱਧ ਤਾਪਮਾਨ (ਡਿ.ਸੈਂ) | 33-38 | 34-39 | 34-39 |
| ਘੱਟ ਤੋਂ ਘੱਟ ਤਾਪਮਾਨ (ਡਿ.ਸੈਂ) | 27-37 | 27-31 | 27-30 |
| ਸਵੇਰ ਦੀ ਨਮੀ (%) | 65-94 | 64-85 | 65-92 |
| ਸ਼ਾਮ ਦੀ ਨਮੀ (%) | 56-74 | 54-68 | 56-74 |

**ਕਿਸਾਨਾਂ ਲਈ ਮੌਸਮ ਅਤੇ ਫਸਲਾਂ ਦਾ ਹਾਲ :** ਅਗਲੇ 3-4 ਦਿਨ੍ਹਾਂ ਵਿੱਚ ਟੁੱਟਵੀਂ ਬੱਦਲਵਾਈ ਬਣੇ ਰਹਿਣ ਦੇ ਨਾਲ ਕਿਤੇ-ਕਿਤੇ ਬਾਰਿਸ਼ ਪੈਣ ਦਾ ਅਨੁਮਾਨ ਹੈ।

# ਖੇਤੀ ਫ਼ਸਲਾਂ

**ਝੋਨਾ :** ਝੋਨੇ ਨੂੰ 30-30 ਕਿਲੋ ਯੂਰੀਆ ਦੀ ਦੂਜੀ ਅਤੇ ਤੀਜੀ ਕਿਸਤ ਲੁਆਈ ਤੋਂ 3 ਅਤੇ 6 ਹਫਤੇ ਬਾਅਦ ਪਾਉ।ਘੱਟ ਸਮਾਂ ਲੈਣ ਵਾਲੀਆਂ ਕਿਸਮਾਂ ਜਿਵੇਂ ਕਿ ਪੀ।ਆਰ। 124 ਅਤੇ ਪੀ।ਆਰ। 126 ਨੂੰ ਯੂਰੀਆ ਖਾਦ ਦੀ ਤੀਜੀ ਕਿਸ਼ਤ ਪਨੀਰੀ ਲਾਉਣ ਤੋਂ 5 ਹਫਤੇ ਬਾਅਦ ਪਾਉ।

**ਨਰਮਾ :** ਕਿਸਾਨ ਵੀਰਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਆਪਣੇ ਨਰਮੇ ਦੇ ਖੇਤਾਂ ਵਿੱਚ ਗੁਲਾਬੀ ਸੁੰਡੀ ਦੇ ਹਮਲੇ ਦਾ ਹਰ ਹਫਤੇ ਲਗਾਤਾਰ ਸਰਵੇਖਣ ਕਰਦੇ ਰਹਿਣ ਅਤੇ ਲੋੜ ਮੁਤਾਬਿਕ ਕੀਟਨਾਸ਼ਕਾਂ ਦਾ ਛਿੜਕਾਅ ਕਰਕੇ ਰੋਕਥਾਮ ਕਰਨ। ਗੁਲਾਬੀ ਸੁੰਡੀ ਦੀ ਰੋਕਥਾਮ ਲਈ 500 ਮਿਲੀਲਿਟਰ ਪ੍ਰਫ਼ੀਨੌਫੋਸ 50 ਈ ਸੀ (ਕਿਊਰਾਕਰਾਨੇਕਰੀਨਾ) ਜਾਂ 100 ਗ੍ਰਾਮ ਪਰੋਕਲੇਮ 5 ਐਸ ਜੀ (ਐਮਾਮੈਕਟਿਨ ਬੈਨਜ਼ੋਏਟ) ਜਾਂ 200 ਮਿਲੀਲਿਟਰ ਇੰਡੋਕਸਾਕਾਰਬ 15 ਐਸ ਸੀ (ਅਵਾਂਟ) ਜਾਂ 250 ਗ੍ਰਾਮ ਥਾਇਓਡੀਕਾਰਬ 75 ਡਬਲਯੂ ਪੀ (ਲਾਰਵਿਨ) ਜਾਂ 800 ਮਿਲੀਲਿਟਰ ਇਥੀਓਨ 50 ਈ ਸੀ (ਫੋਸਮਾਇਟ) ਪ੍ਰਤੀ ਏਕੜ ਦਾ ਛਿੜਕਾਅ ਕਰੋ। ਲੋੜ ਪੈਣ ਤੇ ਇਸਦਾ ਦੂਸਰਾ ਛਿੜਕਾਅ 7 ਦਿਨ ਬਾਅਦ ਦੁਬਾਰਾ ਕਰੋ।ਕਿਸਾਨਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਨਰਮੇ ਦੀ ਫਸਲ ਨੂੰ ਸੋਕਾ ਨਾ ਲੱਗਣ ਦਿਓ, ਕਿਉਂਕਿ ਸੋਕੇ ਵਾਲੇ ਖੇਤਾਂ ਵਿੱਚ ਚਿੱਟੀ ਮੱਖੀ ਦਾ ਹਮਲਾ ਵਧੇਰੇ ਹੁੰਦਾ ਹੈ। ਨਰਮੇ ਤੇ ਚਿੱਟੀ ਮੱਖੀ ਦੀ ਰੋਕਥਾਮ ਲਈ ਛਿੜਕਾਅ ਉਸ ਸਮੇਂ ਸ਼ੁਰੂ ਕਰੋ ਜਦੋਂ ਬੂਟੇ ਦੇ ਉੱਪਰਲੇ ਹਿੱਸੇ ਵਿੱਚ ਸਵੇਰ ਨੂੰ 10 ਵਜੇ ਤੋਂ ਪਹਿਲਾਂ ਇਸ ਦੀ ਗਿਣਤੀ ਪ੍ਰਤੀ ਪੱਤਾ 6 ਹੋ ਜਾਵੇ। ਚਿੱਟੀ ਮੱਖੀ ਦੇ ਬਾਲਗਾਂ ਦੀ ਰੋਕਥਾਮ ਲਈ 200 ਮਿਲੀਲਿਟਰ ਕਲਾਸਟੋ 20 ਡਬਲਯੂ ਜੀ (ਪਾਇਰੀਫਲੂਕੀਨਾਜ਼ੋਨ) ਜਾਂ 400 ਮਿਲੀਲਿਟਰ ਸਫੀਨਾ 50 ਡੀ ਸੀ (ਅਫਿਡੋਪਾਇਰੋਪਿਨ) ਜਾਂ 60 ਗ੍ਰਾਮ ਓਸ਼ੀਨ 20 ਐਸ ਜੀ (ਡਾਇਨੋਟੈਫ਼ੂਰਾਨ) ਜਾਂ 200 ਗ੍ਰਾਮ ਪੋਲੋ ਰੁਬੀਂ ਕਰੇਜ਼ ਲੂਡੋ ਸ਼ੋਕੂ 50 ਡਬਲਯੂ ਪੀ (ਡਾਇਆਫੈਨਥੀਯੂਰੋਨ) ਜਾਂ 80 ਗ੍ਰਾਮ ਉਲਾਲਾ 50 ਡਬਲਯੂ ਜੀ (ਫਲੋਨਿਕਾਮਿਡ) ਜਾਂ 800 ਮਿਲੀਲਿਟਰ ਫੋਸਮਾਈਟਈ ਮਾਈਟੇਵਾਲਥੀਆਨੇਗੋਲਡਮਿਟ 50 ਈ ਸੀ (ਈਥੀਆਨ) ਦਾ ਛਿੜਕਾਅ ਕਰੋ।

**ਬਾਸਮਤੀ:** ਪੂਸਾ ਬਾਸਮਤੀ 1847, ਪੰਜਾਬ ਬਾਸਮਤੀ 7, ਪੰਜਾਬ ਬਾਸਮਤੀ-5, ਪੂਸਾ ਬਾਸਮਤੀ 1718 ਅਤੇ ਪੂਸਾ 1121ਿ ਕਸਮ ਦੀ ਲੁਆਈ ਜੁਲਾਈ ਦੇ ਪਿਹਲੇ ਪੰਦਰਵਾੜੇ ਤੱਕ ਪੂਰੀ ਕਰ ਲੈਣੀ ਚਾਹੀਦੀ ਹੈ ਅਤੇ ਬਾਸਮਤੀ ਦੀਿ ਕਸਮ ਸੀ ਐਸ ਆਰ 30 ਤੇ ਪੂਸਾ ਬਾਸਮਤੀ 1509 ਦੀ ਲੁਆਈ ਜੁਲਾਈ ਦੇ ਦੂਜੇ ਪੰਦਰਵਾੜੇਿ ਵੱਚ ਕਰੋ। ਬਾਸਮਤੀ ਦੀਿ ਕਸਮ ਸੀ ਐਸ ਆਰ 30 ਨੂੰ 18ਿ ਕਲੋ ਯੂਰੀਆ ਪ੍ਰਤੀ ਏਕੜ ਪਾਉ ਅਤੇ ਪੰਜਾਬ ਬਾਸਮਤੀ 7 ਤੇ 5, ਪੂਸਾ ਬਾਸਮਤੀ 1121, 1718 ਨੂੰ 36ਿ ਕਲੋ ਯੂਰੀਆ ਪ੍ਰਤੀ ਏਕੜ ਪਾਉ। ਪੂਸਾ ਬਾਸਮਤੀ 1847 ਤੇ 1509 ਨੂੰ 54ਿ ਕਲੋ ਯੂਰੀਆ ਪਾਉਣੀ ਚਾਹੀਦੀ ਹੈ। ਯੂਰੀਆ ਖਾਦ ਨੂੰ 2 ਬਰਾਬਰਿ ਕਸ਼ਤਾਂਿ ਵੱਚ ਪਨੀਰੀ ਲਾਉਣ ਤੋਂ 3 ਹਫਤੇ ਅਤੇ 6 ਹਫਤੇਿ ਪਛੋਂ ਪਾਉ।

**ਮੱਕੀ :** ਮੱਕੀ ਵਿਚ ਫ਼ਾਲ ਆਰਮੀਵਰਮ ਦੀ ਰੋਕਥਾਮ ਲਈ 0।4 ਮਿਲੀਲਿਟਰ ਕੋਰਾਜਨ 18।5 ਐੱਸ ਸੀ (ਕਲੋਰਐਂਟਰਾਨਿਲੀਪਰੋਲ) ਜਾਂ 0।5 ਮਿਲੀਲਿਟਰ ਡੈਲੀਗੇਟ 11।7 ਐੱਸ ਸੀ (ਸਪਾਈਨਟੋਰਮ) ਜਾਂ 0।4 ਗ੍ਰਾਮ ਮਿਜ਼ਾਈਲ 5 ਐੱਸ ਜੀ (ਐਮਾਮੈਕਟਿਨ ਬੈਂਜ਼ੋਏਟ) ਪ੍ਰਤੀ ਲਿਟਰ ਪਾਣੀ ਵਿਚ ਘੋਲ ਕੇ ਛਿੜਕਾਅ ਕਰੋ। ਕੀੜੇ ਦੀ ਕਾਰਗਰ ਰੋਕਥਾਮ ਲਈ ਛਿੜਕਾਅ ਮੱਕੀ ਦੀ ਗੋਭ ਵੱਲ ਨੂੰ ਕਰੋ।

# ਬਾਗਬਾਨੀ

ਜੇ ਕਰ ਬਾਗਾਂ ਵਿੱਚ ਜਾਂ ਬੂਟਿਆਂ ਦੁਆਲੇ ਬਰਸਾਤ ਦਾ ਪਾਣੀ ਜਮ੍ਹਾਂ ਹੋ ਗਿਆ ਹੋਵੇ ਤਾਂ ਉਸਦੀ ਨਿਕਾਸੀ ਕਰ ਦਿਉ। ਨਾਸ਼ਪਾਤੀ ਦੇ ਫ਼ਲਾਂ ਨੂੰ ਫ਼ਲ ਦੀ ਮੱਖੀ ਦੇ ਹਮਲੇ ਤੋਂ ਬਚਾਉਣ ਲਈ 16 ਪੀ.ਏ.ਯੂ. ਫ਼ਰੂਟ ਫ਼ਲਾਇਟਰੈਪ ਪਤੀ ਏਕੜ ਦੇ ਹਿਸਾਬ ਨਾਲ ਲਗਾਉ। ਜਿਹੜੇ ਅਮਰੂਦਾਂਦੇ ਬਾਗਾਂ ਵਿੱਚ ਫ਼ਲ ਦਾ ਅਕਾਰ ਬਣ ਗਿਆ ਹੈ ਅਤੇ ਫ਼ਲਾਂ ਦਾ ਰੰਗ ਬਦਲਣਾ ਸ਼ੁਰੂ ਹੋ ਗਿਆ ਹੈ ਉਹਨਾਂ ਬਾਗਾਂ ਵਿੱਚ ਵੀ ਪੀ.ਏ.ਯੂ. ਫ਼ਰੂਟ ਫ਼ਲਾਈਟਰੈਪ ਲਗਾਏ ਜਾ ਸਕਦੇ ਹਨ।ਘਰੇਲੂ ਪੱਧਰ ਤੇ ਅਮਰੂਦਾਂ ਦੇ ਫ਼ਲਾਂ ਨੂੰ ਨਾਨ-ਵੂਵਨ ਲਿਫ਼ਾਫ਼ਿਆਂ ਨਾਲ ਵੀ ਢਕਿਆ ਜਾ ਸਕਦਾਹੈ। ਫ਼ਲ ਦਾਰ ਬੂਟਿਆਂ ਖਾਸ ਕਰਕੇ ਨਿੰਬੂ ਜਾਤੀ ਦੇ ਬੂਟੇ, ਅਮਰੂਦ, ਅੰਬ, ਲੀਚੀ, ਬਿੱਲ, ਆਮ ਲਾ ਆਦਿ ਦੇ ਬੂਟਿਆਂ ਦੀ ਯੋਜਨਾ ਬੰਦੀ ਅਤੇ ਲਵਾਈ ਦਾ ਕੰਮ ਸ਼ੁਰੂ ਕੀਤਾ ਜਾ ਸਕਦਾ ਹੈ। ਨਿੰਬੂ ਜਾਤੀ ਦੇ ਫ਼ਲਾਂ ਵਿੱਚ ਫ਼ਾਈਟਪਥੋਰਾ ਨਾ ਦੀ ਬਿਮਾਰੀ ਦੀ ਰੋਕ ਥਾਮ ਲਈ ਰਿਡੋਮਿਲ ਗੋਲਡ ਜਾਂ ਕਰਜੈਟਐਮ 8 ਨਾਲ ਬੂਟੇ ਦੇ ਹੇਠਾਂ ਵਾਲੀ ਜ਼ਮੀਨ ਨੰ ਇਸ ਸਮੇ 25 ਗ੍ਰਾਮ ਪ੍ਰਤੀ10 ਲਿਟਰ ਪਾਣੀ ਪ੍ਰਤੀ ਪੌਦਾਦ ਹਿਸਾਬ ਨਾਲ ਚੰਗੀ ਤਰਾਂਹ ਭਿਓਂ ਦਿਉ ।ਬਹੁਤ ਜ਼ਿਆਦਾ ਪ੍ਰਭਾਵਿਤ ਬੂਟਿਆਂ ਨੂੰ 50 ਮਿ.ਲੀ. ਸੋਡੀਅਮ ਹਾਈਪੋਕਲੋਰਾਈਟ (5%) 10 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਪੌਦਾ ਪਾਉ।ਇਸ ਘੋਲ ਨਾਲ ਪ੍ਰਭਾਵਿਤ ਬੂਟਿਆਂ ਦੀ ਜ਼ਮੀਨ ਅਤੇ ਮੁੱਖ ਤਣਿਆਂ ਉਪਰ ਚੰਗੀ ਤਰਾਂ ਛਿੜਕਾਅ ਕਰੋ।

# ਸਬਜ਼ੀਆਂ

ਭਿੰਡੀ ਦੀ ਪੰਜਾਬ ਸੁਹਾਵਨੀ, ਪੰਜਾਬ ਲਾਲੀਮਾ ਅਤੇ ਲੋਬੀਏ ਦੀ ਕਾਉਪੀਅ-263 ਕਿਸਮਾਂ ਦੀ ਬੀਜਾਈ ਕੀਤੀ ਜਾ ਸਕਦੀ ਹੈ। ਕੱਦੂ ਜਾਤੀ ਦੀਆਂ ਸਬਜ਼ੀਆਂ ਵਿੱਚ ਘੀਆ ਕੱਦੂ, ਤੋਰੀ, ਕਰੇਲਾ ਅਤੇ ਟੀਂਡੇ ਦਾ 2 ਕਿਲੋ ਬੀਜ ਪ੍ਰਤੀ ਏਕੜ ਬੀਜੋ।ਹਲਵਾ ਕੱਦੂ ਅਤੇ ਵੰਗੇ ਦਾ ਬੀਜ 1 ਕਿਲੋ ਪ੍ਰਤੀ ਏਕੜ ਦੇ ਹਿਸਾਬ ਨਾਲ ਬੀਜਾਈ ਕਰੋ। ਫੁੱਲ ਗੋਭੀ ਦੀ ਅਗੇਤੀਆਂ ਕਿਸਮਾਂ ਦੀ ਪਨੀਰੀ ਦੀ ਲਵਾਈ ਮੁੱਖ ਖੇਤ ਵਿੱਚ ਕੀਤੀ ਜਾ ਸਕਦੀ ਹੈ। ਜੁਲਾਈ ਦੇ ਮਹੀਨੇ ਬਰਸਾਤੀ ਮੌਸਮ ਦੌਰਾਨ ਮਿਰਚਾਂ ਤੇ ਟਾਹਣੀਆਂ ਦੇ ਸੋਕੇ ਅਤੇ ਗਾਲ੍ਹੇ ਦਾ ਹਮਲਾ ਹੋ ਸਕਦਾ ਹੈ । ਇਸ ਤੋਂ ਬਚਾਉਣ ਲਈ ਫਸਲ ਤੇ 250 ਮਿ.ਲਿ. ਫੋਲੀਕਰ ਜਾਂ 750 ਗ੍ਰਾਮ ਇੰਡੋਫਿਲ ਐਮ -45 ਜਾਂ ਬਲਾਈਟੌਕਸ ਨੂੰ 250 ਲਿਟਰ ਨੂੰ ਪਾਣੀ ਵਿੱਚ ਘੋਲ ਕੇ 10 ਦਿਨਾਂ ਦੇ ਵਕਫੇ ਤੇ ਛਿੜਕਾਅ ਕਰੋ ।

# ਪਸ਼ੂ ਪਾਲਣ

ਮੀਂਹ ਅਤੇ ਹੜ੍ਹ ਦੇ ਪਾਣੀ ਕਾਰਨ ਪਸ਼ੂਆਂ ਨੂੰ ਛੂਤ ਅਤੇ ਪਰਜੀਵੀ ਰੋਗਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਪਾਣੀ ਕਾਰਨ ਹਵਾ ਵਿੱਚ ਨਮੀ ਦਾ ਪੱਧਰ ਵੱਧ ਜਾਂਦਾ ਹੈ ਜਿਸ ਕਰਕੇ ਮੱਛਰ, ਮੱਖੀਆਂ, ਚਿੱਚੜਾਂ ਆਦਿ ਦੀ ਗਿਣਤੀ ਵੱਧ ਜਾਂਦੀ ਹੈ।ਮੱਛਰ, ਮੱਖੀਆਂ ਦੀ ਭਰਮਾਰ ਕਾਰਨ ਲੰਗੜਾ ਬੁਖ਼ਾਰ ਅਤੇ ਕੀਟਾਂ ਰਾਹੀਂ ਫੈਲਣ ਵਾਲੀਆਂ ਬਿਮਾਰੀਆਂ ਹੋ ਸਕਦੀਆਂ ਹਨ।ਇਨ੍ਹਾਂ ਦੀ ਰੋਕਥਾਮ ਲਈ ਪੁਖਤਾ ਇੰਤਜ਼ਾਮ ਕਰਨ ਦੀ ਲੋੜ ਹੈ।ਕਈ ਵਾਰ ਇਸ ਸਮੇਂ ਪਾਣੀ ਸਾਲਮੋਨੈਲਾ, ਈ ਕੋਲਾਈ, ਕਲੌਸਟ੍ਰੀਡੀਅਮ ਅਤੇ ਲੈਪਟੋਸਪਾਇਰਾ ਵਰਗੇ ਖਤਰਨਾਕ ਕੀਟਾਣੂਆਂ ਨਾਲ ਦੂਸ਼ਿਤ ਹੋ ਸਕਦਾ ਹੈ।ਦੂਸ਼ਿਤ ਪਾਣੀ ਰਾਹੀਂ ਪਸ਼ੂਆਂ ਦੇ ਪੇਟ ਦੇ ਪਰਜੀਵੀ ਵੀ ਫੈਲ ਸਕਦੇ ਹਨ ਜਿਹਨਾਂ ਕਰਕੇ ਪਸ਼ੂਆਂ ਵਿੱਚ ਪੀਲੀਆ ਅਤੇ ਮੋਕ ਵਰਗੇ ਲੱਛਣ ਵੇਖਣ ਨੂੰ ਮਿਲ ਸਕਦੇ ਹਨ।ਇਸਲਈ ਪਸ਼ੂਆਂ ਨੂੰ ਖੜ੍ਹੇ ਪਾਣੀ ਤੋਂ ਦੂਰ ਰੱਖੋ ਅਤੇ ਕਿਰਮ ਰਹਿਤ ਕਰੋ।

# ਜੁਲਾਈ ਮਹੀਨੇ ਦੇ ਸਿਖਲਾਈ-ਕੋਰਸ




### ਕੇ. ਵੀ. ਕੇ. ਫਿਰੋਜ਼ਪੁਰ (ਮੱਲਵਾਲ)(01632-279517)

ਜੁਲਾਈ 22: ਦੁਧਾਰੂ ਪਸ਼ੂਆਂ ਦੇ ਚਿੱਚੜਾਂ ਅਤੇ ਮਲ੍ਹੱਪਾਂ ਦੀ ਰੋਕਥਾਮ
ਜੁਲਾਈ 23: ਕੀਟ-ਨਾਸ਼ਕਾਂ ਦੀ ਰਹਿੰਦ-ਖੂੰਹਦ ਤੋਂ ਮੁਕਤ ਬਾਸਮਤੀ ਦੀ ਕਾਸ਼ਤ
ਜੁਲਾਈ 24:ਖਰ੍ਹਵੇ ਅਨਾਜਾਂ ਦੀ ਕਾਸ਼ਤ
ਜੁਲਾਈ 25: ਫ਼ਲਾਂ ਅਤੇ ਸਬਜ਼ੀਆਂ ਦੇ ਕੀੜਿਆਂ ਅਤੇ ਬਿਮਾਰੀਆਂ ਦੀ ਸਰਵਪੱਖੀ ਰੋਕਥਾਮ
ਜੁਲਾਈ 26: ਛੋਟੇ ਬੱਚਿਆਂ ਅਤੇ ਗਰਭਵਤੀ ਜਾਂ ਦੁੱਧ ਪਿਲਾਉਂਦੀਆਂ ਮਾਵਾਂ ਲਈ ਪੌਸ਼ਟਿਕ ਖੁਰਾਕ

## ਚੰਗੀ ਖੇਤੀ ਦੇ ਜੁਲਾਈ ਅੰਕ ਵਿੱਚ ਪੜ੍ਹੋ:

ਝੋਨੇ ਅਤੇ ਬਾਸਮਤੀ ਤੋਂ ਵਧੇਰੇ ਝਾੜ ਲਈ ਸੁਚੱਜਾ ਕੀਟ ਪ੍ਰਬੰਧਨ ਅਪਣਾਉ
ਜੈਵਿਕ ਬਾਸਮਤੀ ਦੀ ਪੌਦ ਸੁਰੱਖਿਆ ਲਈ ਅਹਿਮ ਨੁਕਤੇ
ਸਬਜ਼ੀਆਂ ਦੀ ਸੁਰੱਖਿਅਤ ਖੇਤੀ ਵਿੱਚ ਜੜ੍ਹ ਗੰਢ ਰੋਗ ਦੀ ਰੋਕਥਾਮ
ਸਾਉਣੀ ਦੀ ਮੱਕੀ ਨੂੰ ਬਿਮਾਰੀਆਂ ਤੋਂ ਬਚਾਉਣ ਦੇ ਨੁਕਤੇ
ਨਰਮੇ ਦੇ ਰਸ ਚੂਸਣ ਵਾਲੇ ਕੀੜਿਆਂ ਦੀ ਸਰਵਪੱਖੀ ਰੋਕਥਾਮ
ਕਮਾਦ ਦੀਆਂ ਮੁੱਖ ਬਿਮਾਰੀਆਂ ਅਤੇ ਉਹਨਾਂ ਦੀ ਰੋਕਥਾਮ
ਬਰਸਾਤ ਵਿੱਚ ਨਿੰਬੂ ਜਾਤੀ ਦੇ ਬੂਟਿਆਂ ਦੀਆਂ ਬਿਮਾਰੀਆਂ ਦੀ ਸਰਵਪੱਖੀ ਰੋਕਥਾਮ
ਫ਼ਸਲਾਂ ਵਿੱਚ ਮੱਛੀ ਦੇ ਤਲਾਅ ਦੀ ਗਾਰ ਦੀ ਵਰਤੋਂ
ਝੰਡਾ ਰੋਗ ਦੀ ਰੋਕਥਾਮ ਲਈ ਬਾਸਮਤੀ ਦੇ ਬੀਜ ਅਤੇ ਪਨੀਰੀ ਦੀ ਟ੍ਰਾਈਕੋਡਰਮਾ.
ਬਰਸਾਤ ਰੁੱਤ ਦੇ ਅਮਰੂਦਾਂ ਨੂੰ ਫ਼ਲ ਦੀ ਮੱਖੀ ਤੋਂ ਬਚਾਓ
ਬਰਸਾਤਾਂ ਦੌਰਾਨ ਫ਼ਲਦਾਰ ਬੂਟਿਆਂ ਦੀਆਂ ਬਿਮਾਰੀਆਂ ਦੀ ਰੋਕਥਾਮ
ਪੀ.ਏ.ਯੂ. ਵੱਲੋਂ ਸਿਫ਼ਾਰਿਸ਼ ਨਿੰਮ ਦੇ ਘੋਲ ਨਾਲ ਸਾਉਣੀ ਦੀਆਂ ਫ਼ਸਲਾਂ ਦੇ ...
ਬਾਗਾਂ ਵਿੱਚ ਅੰਤਰ-ਫ਼ਸਲਾਂ ਦੀ ਕਾਸ਼ਤ ਸੰਬੰਧੀ ਜ਼ਰੂਰੀ ਨੁਕਤੇ
ਸਦਾਬਹਾਰ ਫ਼ਲਦਾਰ ਬੂਟੇ ਲਾਉਣ ਅਤੇ ਸਾਂਭ ਸੰਭਾਲ ਲਈ ਸੁਝਾਅ
ਸਾਉਣੀ ਦੀਆਂ ਫਸਲਾਂ ਵਿੱਚ ਸੂਖਮ ਤੱਤਾਂ ਦੀ ਘਾਟ ਅਤੇ ਪੂਰਤੀ
ਕੱਚੇ ਪਪੀਤੇ ਤੋਂ ਸੁਆਦਲੇ ਪਕਵਾਨ
ਕੰਢੀ ਖੇਤਰ ਵਿੱਚ ਖੇਤੀ ਲਈ ਜ਼ਰੂਰੀ ਹੈ ਭੂਮੀ ਅਤੇ ਪਾਣੀ ਦੀ ਸੰਭਾਲ
ਲਾਹੇਵੰਦ ਹੈ ਤਿਲ਼ਾਂ ਦੀ ਕਾਸ਼ਤ
ਬਰਸਾਤਾਂ ਦੇ ਦਿਨਾਂ ਵਿੱਚ ਰੱਖੋ ਪਸ਼ੂਆਂ ਦਾ ਖਾਸ ਧਿਆਨ
ਕਿਸਾਨੀ ਤੋਂ ਖੇਤੀ ਉਦਯੋਗ ਵੱਲ ਪਰਤਿਆ ਕਿਸਾਨ
ਜਾਮਣ ਦੀਆਂ ਨਵੀਆਂ ਕਿਸਮਾਂ ਤੇ ਉਸ ਦੀ ਕਾਸ਼ਤ ਲਈ ਸਿਫਾਰਸ਼ਾਂ
ਵਰਖਾ ਰੁੱਤ ਲਈ ਸ਼ਹਿਦ ਮੱਖੀ ਕਟੁੰਬਾਂ ਦੀ ਤਿਆਰੀ ਅਤੇ ਸੰਭਾਲ
ਅਗਸਤ ਮਹੀਨੇ ਦੇ ਖੇਤੀ ਰੁਝੇਵੇਂ
ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਅਗਸਤ 2024 ਦੇ ਸਿਖਲਾਈਨਾਮੇ




**ਸਲਾਨਾ ਚੰਦਾ 200/-**
ਚੰਗੀ ਖੇਤੀ ਮਾਸਿਕ ਰਸਾਲੇ ਦੇ ਮੈਂਬਰ ਬਣਨ ਲਈ ਸੰਪਰਕ ਕਰੋ: ਬਿਜ਼ਨੈਸ ਮੈਨੇਜਰ, ਸੰਚਾਰ ਕੇਂਦਰ ਮੋ: 98884-37011, 0161-2401960 (475)


ਛਾਪਕ : ਡਾ. ਤੇਜਿੰਦਰ ਸਿੰਘ ਰਿਆੜ, ਅਪਰ ਨਿਰਦੇਸ਼ਕ ਸੰਚਾਰ, ਪੰਜਾਬ ਐਗਰੀਕਲਚਰਲ ਯੂਨੀਵਰਸਿਟੀ


ਇਸ ਖੇਤੀ ਸੰਦੇਸ਼ ਵਿੱਚ ਛਪੇ ਲੇਖਾਂ ਦਾ ਕਾਪੀ ਰਾਈਟ ਸੁਰੱਖਿਅਤ ਹੈ।
ਪ੍ਰਕਾਸ਼ਕ/ਸੰਪਾਦਕ ਦੀ ਪ੍ਰਵਾਨਗੀ ਬਿਨਾਂ ਪ੍ਰਕਾਸ਼ਤ ਕਰਨ ਦੀ ਆਗਿਆ ਨਹੀਂ ਹੈ।

ਡਿਜ਼ਾਇਨ : ਸੰਦੀਪ ਕੌਰ
ਜਤਿੰਦਰ ਕੌਰ

# PAU Extends Support Across All Social Media Platforms

Click down





**2401960-79 (Ext. 373,475)**

Join hands with PAU through social media and empower your agricultural journey!